ਸ਼ੇਖ ਫ਼ਰੀਦ - ਸਬਦ ੮੫

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥

ਸਲੋਕ, ਗੁਰੂ ਅਰਜਨ, ਗੁਰੂ ਗ੍ਰੰਥ ਸਾਹਿਬ, ੧੩੮੨

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥
ਜੋ ਜਨ ਪੀਰਿ ਨਿਵਾਜਿਆ ਤਿੰਨ੍ਾ ਅੰਚ ਨ ਲਾਗ ॥੮੨॥

ਸਾਰ: ਭੌਤਿਕ ਹੋਂਦ ਇਕ ਵਿਰੋਧਾਭਾਸ ਪ੍ਰਗਟ ਕਰਦੀ ਹੈ: ਇਕ ਪਾਸੇ ਇੰਦ੍ਰਿਆਵੀ ਸੰਸਾਰ ਸੁੰਦਰਤਾ ਅਤੇ ਅਨੰਦ ਨਾਲ ਮੋਹਿਆ ਜਾਂਦਾ ਹੈ, ਅਤੇ ਦੂਸਰੇ ਪਾਸੇ ਇਹ ਜੀਵਨ ਵਿਚ ਲਗਾਵ, ਤੁਲਨਾ ਅਤੇ ਘਾਟੇ ਵੀ ਲੈ ਕੇ ਆਉਂਦਾ ਹੈ। ਜੋ ਕੁਝ ਸਾਡੀਆਂ ਇੰਦਰੀਆਂ ਨੂੰ ਖੁਸ਼ ਕਰਦਾ ਹੈ ਉਹ ਸਾਡੇ ਮਨ ਨੂੰ ਫਸਾ ਵੀ ਸਕਦਾ ਹੈ, ਬਿਲਕੁਲ ਉਸ ਨਿਰਮਲ ਝੀਲ ਦੀ ਤਰ੍ਹਾਂ ਜਿਸ ਵਿਚ ਅਸਮਾਨ ਦੀ ਝਲਕ ਦਿਖਾਈ ਦਿੰਦੀ ਹੈ ਪਰ ਇਹ ਆਪਣੀ ਡੂੰਘਾਈ ਅਤੇ ਲਹਿਰਾਂ ਨੂੰ ਲੁਕਾ ਕੇ ਰੱਖਦੀ ਹੈ। ਸਾਡੇ ਦੁੱਖ ਦਾ ਕਾਰਣ ਸਿਰਫ਼ ਬਾਹਰੀ ਸੰਸਾਰ ਨਹੀਂ, ਬਲਕਿ ਉਹ ਭਰਮ ਹੈ ਜਿਸ ਸਦਕਾ ਅਸੀਂ ਅਸਥਾਈ ਸੁਹਜ ਨੂੰ ਸਥਿਰ ਸਮਝ ਬੈਠਦੇ ਹਾਂ। ਕਿਸੇ ਅਸਥਾਈ ਵਸਤ ਨਾਲ ਜੁੜਣ ਕਾਰਣ, ਉਸ ਦੀ ਸੁੰਦਰਤਾ ਬੇਚੈਨੀ ਬਣ ਜਾਂਦੀ ਹੈ। ਇਸ ਤਰ੍ਹਾਂ, ਇੰਦ੍ਰਿਆਵੀ ਸੰਸਾਰ ਇਕੋ ਸਮੇਂ ਮੋਹਿਤ ਵੀ ਕਰਦਾ ਹੈ ਅਤੇ ਬੇਚੈਨ ਵੀ। ਇਹ ਸਮੁੱਚਾ ਵਰਤਾਰਾ ਸਾਨੂੰ ਇਸਦੀ ਅਸਥਿਰਤਾ ਨੂੰ ਮਨ ਵਿਚ ਰੱਖਦਿਆਂ, ਇਸ ਦੀ ਕਦਰ ਕਰਨ ਦਾ ਹੁਨਰ ਵੀ ਸਿਖਾਉਂਦਾ ਹੈ।

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥
ਹੇ ਫਰੀਦ ਧਰਤੀ ਬਹੁਤ ਰੰਗੀਨ ਅਤੇ ਸੁਹਾਵਣੀ ਦਿਸਦੀ ਹੈ, ਪਰ ਇਸਦੇ ਵਿਚਕਾਰ ਜ਼ਹਿਰੀਲੇ ਕੰਡਿਆਂ ਦਾ ਇਕ ਬਾਗ ਵੀ ਲੁਕਿਆ ਹੋਇਆ ਹੈ। ਇਹ ਭਾਵ ਭੌਤਿਕ ਹੋਂਦ ਦੇ ਵਿਰੋਧਾਭਾਸ ਨੂੰ ਦਰਸਾਉਂਦਾ ਹੈ: ਇੰਦਰੀਆਵੀ ਜਗਤ ਸੁੰਦਰ ਤਾਂ ਦਿੱਸਦਾ ਹੈ, ਪਰ ਇਸਦੇ ਅੰਦਰ ਅਜਿਹੀਆਂ ਨਕਾਰਾਤਮਕਤਾਵਾਂ ਵੀ ਵੱਸਦੀਆਂ ਹਨ ਜੋ ਦੁੱਖ ਦਾ ਕਾਰਣ ਬਣਦੀਆਂ ਹਨ।

ਜੋ ਜਨ ਪੀਰਿ ਨਿਵਾਜਿਆ ਤਿੰਨ੍ਾ ਅੰਚ ਨ ਲਾਗ ॥੮੨॥
ਜੋ ਅੰਤਰੀਵੀ ਬਿਬੇਕ ਦੀ ਰਹਿਨੁਮਾਈ ਦਾ ਸਤਿਕਾਰ ਕਰਦੇ ਹਨ, ਉਹ ਦੁੱਖ-ਕਲੇਸ਼ ਤੋਂ ਅਸਰ ਰਹਿਤ ਰਹਿੰਦੇ ਹਨ। ਇਹ ਭਾਵ ਰੂਹਾਨੀ ਸਪਸ਼ਟਤਾ ਦੀ ਰੱਖਿਆਤਮਿਕ ਤਾਕਤ ਨੂੰ ਦਰਸਾਉਂਦਾ ਹੈ, ਜਿੱਥੇ ਨਕਾਰਾਤਮਕਤਾ ਅੰਦਰ ਵੱਸ ਕੇ ਅੰਤਰ-ਆਤਮਾ ਨੂੰ ਕਮਜ਼ੋਰ ਨਹੀਂ ਕਰ ਸਕਦੀ।

ਤੱਤ: ਗੁਰੂ ਅਰਜਨ, ਸ਼ੇਖ ਫ਼ਰੀਦ ਦੀ ਵਿਚਾਰਧਾਰਾ ਨਾਲ ਸਹਿਮਤੀ ਪ੍ਰਗਟ ਕਰਦਿਆਂ ਰੂਹਾਨੀ ਸਪਸ਼ਟਤਾ ਦੀ ਤੁਲਨਾ ਇਕ ਰੱਖਿਆਕਾਰੀ ਸਤਾ ਵਜੋਂ ਕਰਦੇ ਹਨ। ਹਨ੍ਹੇਰਾ ਕੋਲ ਹੋਣ ਦੇ ਬਾਵਜੂਦ ਵੀ ਇਹ ਅੰਤਰੀਵੀ ਸਮਰਥਾ ਉਸ ਦਾ ਪ੍ਰਭਾਵ ਨਹੀਂ ਪੈਣ ਦਿੰਦੀ। ਇਸੇ ਤਰ੍ਹਾਂ, ਇਕ ਨਿਰਮਲ ਅਤੇ ਸੰਤੁਲਿਤ ਮਨ ਵਿਚ ਮਾਰੂ ਪ੍ਰਵਿਰਤੀਆਂ ਜਿਵੇਂ ਗੁੱਸਾ, ਧੋਖਾ ਜਾਂ ਰੰਜਸ਼, ਅਸਾਨੀ ਨਾਲ ਜੜ੍ਹ ਨਹੀਂ ਫੜ੍ਹ ਸਕਦੇ। ਇਹ ਭਾਵਨਾਵਾਂ ਨੇੜੇ ਤਾਂ ਆ ਸਕਦੀਆਂ ਹਨ, ਪਰ ਸਾਡੇ ਮੂਲ ਤੱਕ ਪਹੁੰਚਣ ਵਿਚ ਅਸਮਰੱਥ ਰਹਿੰਦੀਆਂ ਹਨ। ਜਿਵੇਂ ਨਿਰਮਲ ਪਾਣੀ ਚਿੱਕੜ ਤੋਂ ਅਭਿੱਜ ਰਹਿੰਦਾ ਹੈ, ਬਿਲਕੁਲ ਉਸੇ ਤਰ੍ਹਾਂ ਜਾਗਰੂਕਤਾ ਆਪਣੇ ਆਪ ਪਾਕਜ਼ੀਗੀ ਵੱਲ ਪਰਤ ਜਾਂਦੀ ਹੈ। ਸਪਸ਼ਟਤਾ ਸਾਡੀ ਦ੍ਰਿਸ਼ਟੀ ਨੂੰ ਨਿਖਾਰਦੀ ਹੈ, ਸਾਨੂੰ ਇਹ ਸਮਰੱਥਾ ਦਿੰਦੀ ਹੈ ਕਿ ਅਸੀਂ ਹਨੇਰੇ ਦੀ ਬੁੱਕਲ ਵਿਚ ਆਉਣ ਤੋਂ ਪਹਿਲਾ ਹੀ ਉਸਨੂੰ ਪਛਾਣ ਲਈਏ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **[OnenessInDiversity.com]**

ਈਮੇਲ: **onenessindiversityfoundation@gmail.com**